# ਰੰਗਮੰਚ ਦੇ ਸਿਰਮੌਰ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ

ਅੱਜ ਆਪਾਂ ਪੰਜਾਬ ਦੀ ਉੱਘੀ ਤੇ ਹਰਮਨ ਪਿਆਰੀ ਇਨਕਲਾਬੀ ਸ਼ਖਸ਼ੀਅਤ ਨਾਟਕਕਾਰ ਗੁਰਸ਼ਰਨ ਸਿੰਘ ਹੋਰਾਂ ਦੀ ਜੀਵਨ ਘਾਲਣਾ ਤੇ ਪ੍ਰਾਪਤੀਆਂ ਨੂੰ ਨਤਮਸਤਕ ਹੁੰਦੇ ਹੋਏ, ਉਹਨਾਂ ਦੀ ਸਮੁੱਚੀ ਦੇਣ ਨੂੰ ਜਨਤਕ ਸਫਾਂ ਵਿੱਚ ਉਹਨਾਂ ਦੁਬਾਰਾ ਫੈਲਾਏ ਚਾਨਣ ਦੀਆਂ ਛਿੱਟਾਂ ਬਿਖੇਰਨ, ਉਹਨਾਂ ਦੇ ਸੰਘਰਸ਼ਮਈ ਜੀਵਨ ਤੇ ਫਲਸਫੇ ਦੇ ਰੂਬਰੂ ਹੋਣ ਜਾ ਰਹੇ ਹਾਂ। 16 ਸਤੰਬਰ, 1929 ਨੂੰ ਜਨਮੇ ਗੁਰਸ਼ਰਨ ਸਿੰਘ ਖਾਂਦੇ ਪੀਂਦੇ ਅਮੀਰ ਘਰ ਦਾ ਚੌਥਾ ਬੇਟਾ ਸੀ ਜਿਸਦੀ ਹਰ ਲੋੜ ਬਿਨ੍ਹਾਂ ਤਰੱਦਦ ਪੂਰੀ ਹੁੰਦੀ ਸੀ। ਇਹਨਾਂ ਦੇ ਵੱਡੇ ਭਰਾ ਇੰਦਰਜੀਤ ਸਿੰਘ ਕਮਿਊਨਿਜ਼ਮ ਦੇ ਫਲਸਫੇ ਦਾ ਧਾਰਨੀ ਸੀ, ਇਹਨਾਂ ਨੇ ਮਾਰਕਸਵਾਦ ਦਾ ਪਹਿਲਾਂ ਸਬਕ ਆਪਣੇ ਭਰਾ ਤੋਂ ਹੀ ਲਿਆ ਪਰ ਸਮਾਜ ਵਿੱਚ ਕਾਣੀ ਵੰਡ ਦਾ ਅਹਿਸਾਸ ਨਾਲ ਪੜ੍ਹਦੇ ਸਾਥੀਆਂ ਦੀ ਮਜ਼ਬੂਰੀ ਵਸ ਪੜ੍ਹਾਈ ਦਾ ਛੁੱਟਣਾ ਤੇ ਆਪਦੇ ਤੇ ਉਹਨਾਂ ਦੇ ਰਹਿਣ ਸਹਿਣ ਦੇ ਜ਼ਮੀਨ ਅਸਮਾਨ ਵਰਗੇ ਫਰਕ ਤੋਂ ਹੀ ਹੋ ਗਿਆ ਸੀ।

ਪੇਸ਼ੇ ਵਜੋਂ ਗੁਰਸ਼ਰਨ ਸਿੰਘ ਸਰਕਾਰੀ ਨੌਕਰੀ ਤੇ ਇੰਜਨੀਅਰ ਸਨ।1975 ਵਿੱਚ ਐਮਰਜੈਂਸੀ ਦੀ ਵਿਰੋਧਤਾ ਕਰਨ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਤੇ ਨੌਕਰੀ ਤੋਂ ਕੱਢ ਦਿੱਤਾ ਗਿਆ।ਉਸ ਤੋਂ ਬਾਅਦ 1977 ਵਿੱਚ ਕਾਂਗਰਸ ਦੀ ਸਰਕਾਰ ਟੁੱਟਣ ਤੇ ਰਿਹਾ ਕੀਤਾ ਗਿਆ ਤੇ ਨੌਕਰੀ ਤੇ ਬਹਾਲ ਕਰ ਦਿੱਤਾ ਗਿਆ।1980 ਵਿੱਚ ਜਦੋਂ ਉਹਨਾਂ ਨੂੰ ਮੁੜ ਗ੍ਰਿਫਤਾਰ ਕੀਤਾ ਗਿਆ ਤਾਂ ਉਹਨਾਂ ਨੇ ਨੌਕਰੀ ਨੂੰ ਲੱਤ ਮਾਰ ਕੇ ਆਪ ਪਰਿਵਾਰ ਸਮੇਤ ਸਾਰਾ ਧਿਆਨ ਰੰਗਮੰਚ ਅਤੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਚੇਤੰਨ ਕਰਨ ਵੱਲ ਹੀ ਲਗਾ ਦਿੱਤਾ। ਗੁਰਸ਼ਰਨ ਸਿੰਘ ਆਪਣੇ ਜੀਵਨ ਕਾਲ ਵਿੱਚ ਇੰਜਨੀਅਰ, ਕਲਾਕਾਰ, ਨਾਟਕਕਾਰ, ਲੇਖਕ, ਨਿਰਦੇਸ਼ਕ, ਪ੍ਰਬੰਧਕ, ਲੋਕ ਆਗੂ, ਸੰਪਾਦਕ ਤੇ ਪ੍ਰਕਾਸ਼ਕ ਦੇ ਤੌਰ ਤੇ ਲੋਕਾਂ ਵਿੱਚ ਵਿਚਰੇ। ਉਹਨਾਂ ਨੇ 170 ਤੋਂ ਵੱਧ ਨਾਟਕ ਲਿਖੇ ਤੇ ਕਿਹਾ ਜਾਂਦਾ ਹੈ ਕਿ 10,000 ਤੋਂ ਵੀ ਵੱਧ ਪੇਸ਼ਕਾਰੀਆਂ ਉਹਨਾਂ ਦੇ ਹਿੱਸੇ ਆਈਆਂ।ਗੁਰਸ਼ਰਨ ਸਿੰਘ ਲੋਕਾਂ ਨੂੰ ਪਿਆਰ ਕਰਨ ਵਾਲਾ, ਉਹਨਾਂ ਦੇ ਦੁੱਖਾਂ, ਦਰਦਾਂ, ਮੁਸ਼ਕਲਾਂ ਤੇ ਗੁਰਬਤ ਦੀ ਜ਼ਿੰਦਗੀ ਨੂੰ ਸਮਝਣ ਵਾਲਾ ਵਿਅਕਤੀ ਸੀ ਤਦੇ ਹੀ ਉਸਨੇ ਸਾਹਿਤ ਦੀ ਨਾਟਕ ਕਲਾ ਨੂੰ ਉਤਸ਼ਾਹਤ ਕਰਕੇ ਲੋਕਾਂ ਵਿੱਚ ਰੰਗ ਮੰਚ ਤੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਮੰਚਤ ਕਰਕੇ ਉਹਨਾਂ ਦੇ ਧੁਰ ਦਿਲ ਵਿੱਚ ਉਤਰ ਕੇ ਮਨਪ੍ਰਚਾਵੇ ਦੇ ਨਾਲ ਨਾਲ ਸਮੱਸਿਆਵਾਂ ਦੇ ਹੱਲ ਵੱਲ ਵੀ ਝਾਤ ਪਵਾਈ ਹੈ।ਉਹ ਸਮਝਦੇ ਸਨ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਪਰ ਕਿਤਾਬਾਂ ਵਿੱਚ ਲਿਖਿਆ ਸਾਹਿਤ ਗਰੀਬ ਲੋਕਾਂ ਦੇ ਹਿੱਸੇ ਨਹੀਂ ਆਉਂਦਾ, ਇਸੇ ਕਾਰਣ ਕਰਕੇ ਹੀ ਉਹ ਪੰਜਾਬ ਦੇ ਹਰ ਛੋਟੇ ਤੋਂ ਛੋਟੇ ਪਿੰਡ, ਭਾਰਤ ਦੇ ਸ਼ਹਿਰਾਂ, ਪਿੰਡਾਂ ਤੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਵੀ ਇਸ ਪਾਰਦਰਸ਼ੀ ਸ਼ੀਸ਼ੇ ਦੇ ਜਰੀਏ ਜਾਗਰੂਕ ਕਰਦੇ ਰਹੇ।

ਗੁਰਸ਼ਰਨ ਸਿੰਘ ਦਾ ਰੰਗਮੰਚ, ਰੰਗਮੰਚ ਦੀ ਵਿਆਪਕਤਾ, ਸਮਾਜਿਕ ਸਰੋਕਾਰ ਤੇ ਲਗਾਤਾਰ ਪ੍ਰਗਤੀਸ਼ੀਲ ਸਰੋਕਾਰਾਂ ਨੂੰ ਸਮਝਣ ਦੀ ਪ੍ਰੇਰਣਾ ਦਿੰਦਾ ਹੈ।ਇਸ ਤਰ੍ਹਾਂ ਦੇ ਵਿਕਾਸਮੁਖੀ ਰੰਗਮੰਚ ਦੀ ਸਥਾਪਨਾ ਸੌਖਾ ਕੰਮ ਨਹੀਂ ਇਸ ਲਈ ਗਹਿਰੀ ਦ੍ਰਿਸ਼ਟੀ, ਵਿਚਾਰਧਾਰਕ ਸਪੱਸ਼ਟਤਾ, ਕਲਾਤਮਕ ਵਿਲੱਖਣਤਾ ਤੇ ਸਿਰਜਣਾਤਮਿਕ ਪ੍ਰਤਿਭਾ ਹੋਣੀ ਚਾਹੀਦੀ ਹੈ। ਇਸ ਤੋਂ ਜ਼ਿਆਦਾ ਜਰੂਰੀ ਹੈ ਪ੍ਰਤੀਬੱਧਤਾ ਤੇ ਦ੍ਰਿੜ ਨਿਸ਼ਚਾ।ਇਹੀ ਗੁਰਸ਼ਰਨ ਸਿੰਘ ਹੋਰਾਂ ਦਾ ਵਿਚਾਰ ਸੀ ਕਿ ਅਗਰ ਕਮਿੱਟਮੈਂਟ ਹੋਵੇ ਤਾਂ ਹੀ ਇਸ ਵਿਧਾ ਨਾਲ ਨਿਭਿਆ ਜਾ ਸਕਦਾ ਹੈ।ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਚੰਗਿਆਈ ਤੇ ਬੁਰਿਆਈ ਦੀ ਟੱਕਰ ਪੇਸ਼ ਕੀਤੀ ਹੈ ਤੇ ਉਹ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ ਕਿ ਉਹਨਾਂ ਨੇ ਕਿਸੇ ਵੀ ਇੱਕ ਫਿਰਕੇ ਦੀ ਨੁਮਾਇੰਦਗੀ ਨਹੀਂ ਕੀਤੀ ਸਗੋਂ ਸਮਾਜ ਨੂੰ ਦੋ ਸ਼੍ਰੇਣੀਆਂ ਵਿੱਚ ਵੰਡ ਕੇ ਦੇਖਦੇ ਹਨ ਕਿ ਇੱਕ ਲੁਟੇਰੀ ਸ਼੍ਰੈਣੀ ਤੇ ਦੂਸਰੀ ਲੁੱਟੀ ਜਾਣ ਵਾਲੀ। ਉਹਨਾਂ ਨੇ ਇਸ ਕਥਨ ਨੂੰ ਸਿੱਧ ਕਰ ਵਿਖਾਇਆ ਕਿ ਅਗਰ ਲੋਕ ਥੀਏਟਰ ਤੱਕ ਨਹੀਂ ਪਹੁੰਚਦੇ ਤਾਂ ਥੀਏਟਰ ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ।

ਉਸਨੇ ਆਪਣੇ ਨਾਟਕਾਂ ਵਿੱਚ ਆਰਥਿਕ, ਰਾਜਨੀਤਿਕ, ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਇਤਿਹਾਸਕ ਵਿਸ਼ਿਆਂ ਤੇ ਆਮ ਮਨੁੱਖ ਦੇ ਹੱਕਾਂ ਪ੍ਰਤੀ ਚੇਤਨਤਾ ਦਾ ਸੱਚ ਬਹੁਤ ਹੀ ਦ੍ਰਿੜਤਾ ਨਾਲ ਉਜਾਗਰ ਕੀਤਾ ਹੈ, ਇਸ ਦਾ ਹੀ ਕਾਰਣ ਹੈ ਕਿ 1975 ਵਿੱਚ ਐਮਰਜੈਂਸੀ ਵੇਲੇ ਸਰਕਾਰ ਵਲੋਂ ਤੇ 1984 ਦੇ ਪੰਜਾਬ ਦੇ ਕਾਲੇ ਦੌਰ ਸਮੇਂ  ਸਰਕਾਰ ਅਤੇ ਅੱਤਵਾਦੀ ਵੱਖਵਾਦੀਆਂ ਵਲੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ।ਪਰ ਉਹ ਜਮਹੂਰੀ ਹੱਕਾਂ ਦੀ ਰਾਖੀ ਲਈ ਭਾਰਤ ਵਿੱਚ ਜ਼ੋਰਦਾਰ ਅਵਾਜ਼ ਬਣ ਕੇ ਉਭਰੇ ਅਤੇ ਉਹਨਾਂ ਹੀ ਲੋਕਾਂ ਦੀ ਹਮਾਇਤ ਵਿੱਚ ਆਪਣੇ ਆਖਰੀ ਪਲਾਂ ਤੱਕ ਡਟੇ ਰਹੇ ਜੋ ਸਮਾਜਕ ਬਰਾਬਰੀ ਤੇ ਇਨਸਾਫ਼ ਲਈ ਲੜਦੇ ਰਹੇ ਹਨ। ਆਪਣੀ ਜ਼ਿੰਦਗੀ ਦੀ ਜਦੋਜਹਿਦ ਵਿੱਚ ਉਹਨਾਂ ਨੇ ਸਿਰਫ ਤੇ ਸਿਰਫ ਸਮਾਜਿਕ ਬਰਾਬਰੀ ਦੇ ਸਮਾਜ ਦਾ ਸੁਫਨਾ ਲੈ ਕੇ ਉਸਨੂੰ ਸਾਕਾਰ ਕਰਨ ਲਈ ਮਾਰਕਸਵਾਦੀ ਸੋਚ ਦਾ ਸਮਰਥਨ ਕੀਤਾ ਤੇ ਇਸਤੇ ਡੱਟ ਕੇ ਪਹਿਰਾ ਵੀ ਦਿੱਤਾ।

ਗੁਰਸ਼ਰਨ ਸਿੰਘ ਇੱਕ ਸੋਚ, ਇੱਕ ਮਕਸਦ, ਇੱਕ ਲੜਾਈ, ਇੱਕ ਫਿਕਰ, ਇੱਕ ਅਕੀਦਾ, ਇੱਕ ਵਿਸ਼ਵਾਸ਼, ਇੱਕ ਦ੍ਰਿੜਤਾ ਤੇ ਇੱਕ ਜੋਸ਼ ਲੈ ਕੇ ਮੈਦਾਨ ਵਿੱਚ ਨਿੱਤਰੇ ਸਨ, ਇਸ ਕਰਕੇ ਹੀ ਅੱਜ ਥਾਂ ਥਾਂ ਤੇ ਲੋਕ ਉਹਨਾਂ ਨੂੰ ਯਾਦ ਕਰ ਰਹੇ ਹਨ। ਉਹਨਾਂ ਦੀ ਨਾਟਕ ਕਲਾ ਉਹਨਾਂ ਦੇ ਦਿਲ ਦਿਮਾਗ ਵਿੱਚ ਇੰਨੀ ਉਤਰ ਗਈ ਸੀ ਕਿ ਉਹ ਹਰ ਗੱਲ ਜੋ ਉਹਨਾਂ ਨੂੰ ਇੱਕ ਵਾਰੀ ਕਲਿੱਕ ਕਰ ਜਾਂਦੀ ਉਹ ਉਹਦੇ ਤੇ ਨਾਟਕ ਲਿਖ ਧਰਦੇ। ਜਿਵੇਂ "ਸਾਧਾਰਣ ਬੰਦਾ ਤੇ ਇਨਕਲਾਬੀ ਸਿਆਸਤ", "ਬੁੱਤ ਜਾਗ ਪਿਆ", "ਜ਼ਮੀਰ ਨੂੰ ਸੁਰਖਰੂ ਰੱਖੀਏ" ਤੇ ਹੋਰ ਅਨੇਕਾਂ ਹੀ ਸੰਪਾਦਕੀਆਂ ਦੇ ਰੂਪ ਵਿੱਚ ਸਮਤਾ ਵਿੱਚੋਂ ਮਿਲ ਜਾਂਦੇ ਹਨ। ਇਹ ਵੰਨਗੀਆਂ ਥੋੜ੍ਹੇ ਥੋੜ੍ਹੇ ਸ਼ਬਦਾਂ ਵਿੱਚ ਨਾਟਕੀ ਰੂਪ ਵਿੱਚ ਲਿਖ ਕੇ ਪਾਠਕਾਂ ਦੇ ਰੂਬਰੂ ਕੀਤੀਆਂ। ਇਹਨਾਂ ਵਿਚੋਂ "ਜ਼ਮੀਰ ਨੂੰ ਸੁਰਖਰੂ ਰੱਖੀਏ" ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹਾਂਗੀ।

ਚੋਣਾਂ ਦਾ ਸਮਾਂ ਹੈ। ਕਾਂਗਰਸੀ ਤੇ ਅਕਾਲੀ ਆਗੂ ਮੈਦਾਨ ਵਿੱਚ ਨਿੱਤਰੇ ਹਨ। ਇੱਕ ਸਾਧਾਰਣ ਵੋਟਰ ਉਹਨਾਂ ਨਾਲ ਵਾਰਤਾਲਾਪ ਕਰਦਾ ਹੈ।

ਵੋਟਰ : ਖੱਦਰਧਾਰੀ ਜੀ, ਇਹ ਪੰਜਾਬ ਵਿੱਚ ਬਰਬਾਦੀ ਅਤੇ ਤਬਾਹੀ ਜਿਹੜੀ ਪਿਛਲੇ ਕੁਝ ਸਾਲਾਂ ਵਿੱਚ ਹੋਈ ਹੈ, ਇਹਦਾ ਜ਼ਿੰਮੇਵਾਰ ਕੌਣ ਹੈ ?

ਕਾਂਗਰਸੀ : ਦੇਖ ਭਾਈ ਵੋਟਰਾ, ਇਹ ਤਾਂ ਉਹਨਾਂ ਕੋਲੋਂ ਪੁੱਛ ਜਿਹੜੇ ਅਮ੍ਰਿਤਸਰ ਦਰਬਾਰ ਸਾਹਿਬ ਵਿੱਚ ਬੈਠੇ ਮੋਰਚੇ ਲਗਾਉਂਦੇ ਸਨ, ਕਤਲਾਂ ਵਾਸਤੇ ਮੋਟਰ ਸਾਈਕਲ ਸੂਕੈਡ ਭੇਜਦੇ ਸਨ।

ਵੋਟਰ : ਪਰ ਖੱਦਰਧਾਰੀ ਜੀ, ਹਕੂਮਤ ਤੇ ਤੁਹਾਡੀ ਹੀ ਸੀ। ਪਹਿਲੇ ਦਰਬਾਰਾ ਸਿੰਘ ਦੀ ਤੇ ਬਾਅਦ ਵਿੱਚ ਕੇਂਦਰ ਦੇ ਖੱਦਰਧਾਰੀਆਂ ਦੀ।

ਕਾਂਗਰਸੀ : ਬਈ ਹਕੂਮਤ ਤਾਂ ਹੁਣ ਵੀ ਸਾਡੀ ਹੋਵੇਗੀ, ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਹਰ ਗੱਲ ਤੇ ਜ਼ਿੰਮੇਵਾਰ ਹੋਵਾਂਗੇ। ਹਕੂਮਤ ਬਣਾਉਣਾ ਹੋਰ ਗੱਲ ਹੈ, ਜ਼ਿੰਮੇਵਾਰ ਹੋਣਾ ਹੋਰ ਗੱਲ ਹੈ।

(ਵੋਟਰ ਦੂਸਰੇ ਆਗੂ ਕੋਲ ਜਾਂਦਾ ਹੈ।)

ਵੋਟਰ : ਨੀਲੀ ਪੱਗ ਵਾਲਿਓ ਗੁਰਮੁਖੋ, ਪੰਜਾਬ ਵਿੱਚ ਜੋ ਕੁੱਝ ਪਿਛਲੇ ਕੁਝ ਸਾਲਾਂ ਵਿੱਚ ਬੀਤਿਆ ਹੈ, ਉਹਦੀ ਜ਼ੁੰਮੇਵਾਰੀ ਕਿਸ ਉੱਤੇ ਹੈ ?

ਅਕਾਲੀ : ਭਲਿਆ ਲੋਕਾ, ਕਿਸੇ ਉੱਤੇ ਵੀ ਹੋਵੇ, ਪਰ ਸਾਡੇ ਉੱਤੇ ਨਹੀਂ।

ਵੋਟਰ : ਕਿਉਂ ਜੀ ?

ਅਕਾਲੀ : ਕਿਉਂਕਿ ਅਸੀਂ ਤਾਂ ਜ਼ਿੰਮੇਵਾਰ ਕਦੀ ਹੋਏ ਹੀ ਨਹੀਂ। ਮਹਾਰਾਜ ਦਾ ਵਾਕ ਲੈ ਮੋਰਚਾ ਲਾਈਦਾ ਹੈ ਤੇ ਮਹਾਰਾਜ ਦਾ ਹੀ ਵਾਕ ਲੈ ਕੇ ਮੋਰਚਾ ਵਾਪਸ ਲੈ ਲਈਦਾ ਹੈ। ਇਹ ਤਾਂ ਸਭ ਉੱਪਰ ਵਾਲੇ ਦੇ ਚੋਜ ਨੇ।

ਇਸ ਤਰ੍ਹਾਂ ਉਹ ਲੀਡਰਾਂ ਦਾ ਸੱਚ ਆਪਣੇ ਦੋ ਚੌਂਹ ਡਾਇਲਾਗਾਂ ਵਿੱਚ ਸਪੱਸ਼ਟ ਕਰ ਦਿੰਦੇ ਸਨ।ਸਮਤਾ ਪੇਪਰ ਦੇ ਵਿੱਚ ਸੰਪਾਦਕ ਤੇ ਪ੍ਰਕਾਸ਼ਕ ਦੇ ਤੌਰ ਤੇ ਕੰਮ ਕਰਨ ਸਮੇਂ ਉਸ ਕਾਲੇ ਦੌਰ ਦੀਆਂ ਸੰਪਾਦਕੀਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਕਿਹੋ ਜਿਹੇ ਡਰ ਤੇ ਖਿੱਚੋਤਾਣ ਵਿੱਚ ਜੀ ਰਹੇ ਸਨ ਉਦੋਂ ਲੋਕਾਂ ਨੂੰ ਸਹੀ ਰਾਹ ਦਿਖਾਉਣ ਦਾ ਇੱਕੋ ਇੱਕ ਢੰਗ ਲੋਕਾਂ ਵਿੱਚ ਕਮਿਊਨਿਸਟ ਲਹਿਰ ਨੂੰ ਖੜ੍ਹਾ ਰੱਖਣਾ ਸੀ, ਜਦੋਂ ਕਿ ਸਰਕਾਰ ਤੇ ਵੱਖਵਾਦੀ ਲੋਕ ਇਸ ਵਿਚਾਰਧਾਰਾ ਨੂੰ ਖਤਮ ਕਰਨ ਤੇ ਤੁਲੇ ਹੋਏ ਸਨ ਉਦੋਂ ਭਾ ਜੀ ਹੋਰਾਂ ਨੇ ਨਾਟਕਾਂ ਦੇ ਰੂਪ ਵਿੱਚ ਇਸ ਨੂੰ ਜਿੰਦਾ ਰੱਖਿਆ, ਇਹ ਇੰਨਾ ਦੀ ਬਹੁਤ ਵੱਡੀ ਦੇਣ ਹੈ।

ਗੁਰਸ਼ਰਨ ਸਿੰਘ ਇੱਕ ਵਿਅਕਤੀ, ਨਾਟ ਮੰਡਲੀ ਜਾਂ ਸੰਸਥਾ ਨਹੀਂ ਸੀ ਸਗੋਂ ਉਹ ਇੱਕ ਲੋਕ ਲਹਿਰ ਸੀ ਜਿਸਨੇ ਉੱਚ ਪੱਧਰ ਦੇ ਸਾਹਿਤ ਦਾ ਪ੍ਰਚਾਰ ਵੀ ਕੀਤਾ ਅਤੇ ਕਲਾ ਤੇ ਸਭਿਆਚਾਰ ਦਾ ਪ੍ਰਸਾਰ ਵੀ। ਉਹਨਾਂ ਨੂੰ ਦੇਸ਼ਾਂ ਵਿਦੇਸ਼ਾਂ ਤੋਂ ਅਨੇਕਾਂ ਹੀ ਸਨਮਾਨ ਮਿਲੇ ਪਰ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਲਹਿਰ ਵਲੋਂ ਮਿਲਿਆ "ਇਨਕਲਾਬੀ ਨਿਹਚਾ ਸਨਮਾਨ" ਜੋ 2006 ਵਿੱਚ ਮੋਗੇ ਜਿਲ੍ਹੇ ਦੇ ਪਿੰਡ ਕੁੱਸਾ ਵਿੱਚ ਦਿੱਤਾ ਗਿਆ, ਉਹ ਵੱਖਰੀ ਹੀ ਛਾਪ ਛੱਡ ਕੇ ਗਿਆ। ਉਸ ਵਿੱਚ ਇਕੱਠੇ ਹੋਏ ਕਲਾਕਾਰ, ਨਾਟਕਕਾਰ, ਸਾਹਿਤਕਾਰ, ਬੁੱਧੀਜੀਵੀ, ਕਿਸਾਨ, ਮਜ਼ਦੂਰ ਤੇ ਵਿਦਿਆਰਥੀਆਂ ਨੇ ਆਪਣੇ ਆਗੂ ਨੂੰ ਸਨਮਾਨ, ਸਲਾਮ ਤੇ ਅਹਿਦ ਨਾਲ ਨਿਵਾਜਿਆ। 10,000 ਦੇ ਇਸ ਭਾਰੀ ਇਕੱਠ ਨੇ ਅਹਿਦ ਲਿਆ, "ਕਿ ਅਸੀਂ ਗੂੜ੍ਹੀ ਲੋਅ ਨਾਲ ਚਮਕਦੇ ਲੋਕਾਂ ਦੀ ਲਹਿਰ ਦੇ ਇਸ ਸਿਤਾਰੇ ਦੀ ਘਾਲਣਾ ਨੂੰ ਕਦੇ ਨਹੀਂ ਭੁੱਲਾਂਗੇ। ਨਿਹਫਲ ਨਹੀਂ

ਜਾਣ ਦਿਆਂਗੇ। ਲੋਕਾਂ ਦੀ ਲਹਿਰ ਅਤੇ ਲੋਕਾਂ ਦੀ ਕਲਾ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਕਰਾਂਗੇ। ਲੋਕ ਸੰਗਰਾਮ ਦਾ ਕਾਫ਼ਲਾ ਹੋਰ ਵੱਡਾ ਕਰਾਂਗੇ। ਇਸਨੂੰ ਨਵੇਂ ਸਮਾਜ ਦੀ ਮੰਜ਼ਲ ਤੱਕ ਲੈ ਕੇ ਜਾਵਾਂਗੇ।

ਇਸੇ ਅਹਿਦ ਨੂੰ ਪ੍ਰਣਾਈਆਂ ਹੋਈਆਂ 15-16 ਨਾਟਕ ਮੰਡਲੀਆਂ ਭਾ ਜੀ ਦੇ ਰਾਹਾਂ ਤੇ ਆਪਣਾ ਕੰਮ ਬਾਖੂਬੀ ਨਿਭਾ ਰਹੀਆਂ ਹਨ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨੇ 2006 ਵਿੱਚ "ਗੁਰਸ਼ਰਨ ਕਲਾ ਭਵਨ" ਦੀ ਸਥਾਪਨਾ ਕਰਕੇ ਪਹਿਲ ਕਦਮੀ ਦੇ ਨਾਲ ਨਾਲ ਰੰਗਮੰਚ ਪ੍ਰੇਮੀਆਂ ਵਜੋਂ ਇੱਕ ਨਵੀਂ ਪਿਰਤ ਪਾਈ ਸੀ। ਸੁਰਿੰਦਰ ਸ਼ਰਮਾ ਤੇ ਹਰਕੇਸ਼ ਚੌਧਰੀ ਆਪਣੇ ਕਲਾਕਾਰਾਂ ਸਮੇਤ ਭਾ ਜੀ ਦੀ ਰੰਗਮੰਚ ਦੀ ਪ੍ਰਿਤ ਨੂੰ ਤੋਰਦੇ ਹੋਏ ਹਰ ਮਹੀਨੇ ਦੇ ਅਖੀਰਲੇ ਸਨਿੱਚਰਵਾਰ ਨੂੰ ਇੱਕ ਨਾਟਕ ਗੁਰਸ਼ਰਨ ਕਲਾ ਭਵਨ ਵਿੱਚ ਪ੍ਰਦਰਸ਼ਿਤ ਕਰਦੇ ਹਨ। ਸੁਚੇਤਕ ਰੰਗਮੰਚ ਮੁਹਾਲੀ ਨੇ ਵੀ ਸਤਿਕਾਰ ਵਜੋਂ "ਗੁਰਸ਼ਰਨ ਨਾਟ ਉਤਸਵ" ਦੀ ਸ਼ੁਰੂਆਤ ਕੀਤੀ। ਅਮ੍ਰਿਤਸਰ ਤੇ ਬਨੂੜ ਵਿੱਚ ਵੀ ਉਹਨਾਂ ਦੇ ਨਾਂ ਤੇ ਇੱਕ ਕਲਾ ਭਵਨ ਬਣਾਇਆ ਗਿਆ ਹੈ। ਭਾ ਜੀ ਦੀ ਨਾਟਕ ਮੰਡਲੀ ਦੀ ਜ਼ੁੰਮੇਵਾਰੀ ਨੂੰ ਇਕੱਤਰ ਸਿੰਘ ਬਹੁਤ ਹੀ ਸ਼ਿੱਦਤ ਨਾਲ ਨਿਭਾ ਰਿਹਾ ਹੈ। ਕੈਨੇਡਾ ਦੀ ਤਰਕਸ਼ੀਲ ਸੁਸਾਇਟੀ ਵਲੋਂ ਵੀ ਉਨ੍ਹਾਂ ਨੂੰ 2006 ਵਿੱਚ ਬੁਲਾ ਕੇ ਸਨਮਾਨਤ ਕੀਤਾ ਗਿਆ ਸੀ।

ਅੱਜ ਜਦੋਂ ਭਾ ਜੀ ਭੌਤਿਕ ਰੂਪ ਵਿੱਚ ਸਾਡੇ ਵਿੱਚ ਨਹੀਂ ਰਹੇ ਪਰ ਉਹਨਾਂ ਨੂੰ ਪਿਆਰ ਕਰਨ ਵਾਲੇ, ਉਹਨਾਂ ਤੋਂ ਸੇਧ ਲੈਣ ਵਾਲੇ, ਉਹਨਾਂ ਦਾ ਸਤਿਕਾਰ ਕਰਨ ਵਾਲੇ, ਉਹਨਾਂ ਦੀ ਵਿਚਾਰਧਾਰਾ ਤੇ ਚੱਲਣ ਵਾਲੇ ਲੋਕਾਂ ਵਿੱਚ ਉਹ ਹਮੇਸ਼ਾਂ ਜ਼ਿੰਦਾ ਰਹਿਣਗੇ। ਉਹਨਾਂ ਦੀ ਸੋਚ ਦਾ ਜ਼ਿੰਦਾ ਰਹਿਣਾ ਹੀ ਸਾਡਾ ਮੁੱਖ ਮਕਸਦ ਹੈ।

ਗੁਰਸ਼ਰਨ ਸਿੰਘ—ਜ਼ਿੰਦਾਬਾਦ

ਇਨਕਲਾਬ ਜ਼ਿੰਦਾਬਾਦ